# ਪਿਆਰੇ ਵਿਦਿਆਰਥੀਓ!!



7ਵੀਂ ਜਮਾਤ ਦੀ ਇਸ ਈ-ਬੁੱਕ ਵਿਚ ਕੰਪਿਊਟਰ ਸਾਇੰਸ ਦੇ ਨਵੇਂ ਸਿਲੇਬਸ (2023-24) ਅਨੁਸਾਰ ਤੁਹਾਨੂੰ ਸਟਡੀ ਮਟੀਰੀਅਲ ਭੇਜਿਆ ਜਾ ਰਿਹਾ ਹੈ। ਤੁਸੀਂ ਆਪਣੇ ਟੈਸਟ/ਪੇਪਰਾਂ ਦੀ ਤਿਆਰੀ ਇਹਨਾਂ ਨੋਟਸਾਂ ਨੂੰ ਪੜ੍ਹਦੇ ਹੋਏ ਅਤੇ ਹੇਠਾਂ ਦਿਤੇ ਵਿਡੀਓ ਲੈਕਚਰਾਂ ਨੂੰ ਦੇਖਦੇ ਹੋਏ ਬੜੀ ਆਸਾਨੀ ਨਾਲ ਕਰ ਸਕਦੇ ਹੋ। ਨਿੱਚੇ ਨਿੱਲੇ ਰੰਗ ਵਿਚ ਵਿਡੀਓ ਲੈਕਚਰਾਂ ਦੇ ਲਿੰਕ ਦਿਤੇ ਗਏ ਹਨ, ਜਿਨ੍ਹਾਂ ਉਪਰ ਕਲਿੱਕ ਕਰਕੇ ਤੁਸੀਂ ਸੰਬੰਧਤ ਪਾਠ ਦਾ ਵਿਡੀਓ ਲੈਕਚਰ ਦੇਖਦੇ ਹੋਏ ਉਸ ਪਾਠ ਨੂੰ ਚੰਗੀ ਤਰ੍ਹਾਂ ਸਮਝ ਸਕਦੇ ਹੋ।

## 7ਵੀਂ ਜਮਾਤ ਲਈ ਕੰਪਿਊਟਰ ਸਾਇੰਸ ਦੇ ਸਿਲੇਬਸ ਦੀ ਮਹੀਨਾਵਾਰ ਵੰਡ ਅਤੇ ਵਿਡੀਓ ਲੈਕਚਰਜ਼ ਦੇ ਲਿੰਕ

| ਮਹੀਨਾ | ਪਾਠ ਅਤੇ ਉਸਦਾ ਨਾਂ | ਵਿਡੀਓ ਲੈਕਚਰ ਦਾ ਲਿੰਕ |
|---|---|---|
| ਅਪ੍ਰੈਲ | ਪਾਠ-1 ਟਾਈਪਿੰਗ ਟਿਊਟਰ | https://youtu.be/GUFCpc_x-DA |
| ਮਈ | ਪਾਠ-2 ਵਿੰਡੋਜ਼ ਐਕਸਪਲੋਰਰ | https://youtu.be/0E3I0GFbMJs |
| ਜੁਲਾਈ | ਪਾਠ-3 ਮਾਈਕਰੋਸਾਫਟ ਵਰਡ (ਭਾਗ-1) | Under Preparation |
| ਅਗਸਤ | ਪਾਠ-4 ਮਾਈਕਰੋਸਾਫਟ ਵਰਡ (ਭਾਗ-2) | https://youtu.be/vvQwkvhAXPI |
| ਅਕਤੂਬਰ | ਪਾਠ-5 ਮਾਈਕਰੋਸਾਫਟ ਵਰਡ (ਭਾਗ-3) | https://youtu.be/OWBofDDSpH0 |
| ਨਵੰਬਰ | ਪਾਠ-6 ਮਾਈਕਰੋਸਾਫਟ ਵਰਡ (ਭਾਗ-4) | https://youtu.be/1s5-qjor608 |
| ਦਸੰਬਰ | ਪਾਠ-7 ਮਲਟੀਮੀਡੀਆ ਨਾਲ ਜਾਣ ਪਛਾਣ | Under Preparation |
| ਜਨਵਰੀ | ਪਾਠ-8 ਸਟੋਰੇਜ਼ ਡਿਵਾਇਸਿਜ਼ | https://youtu.be/HcGdrY9BQiE |

**ਪ੍ਰੈਕਟੀਕਲ ਨਾਲ ਸੰਬੰਧਤ ਵਿਡੀਓ ਲੈਕਚਰਜ਼:**

| | | |
|---|---|---|
| | ਵਿੰਡੋਜ਼ ਐਕਸਪਲੋਰਰ | https://youtu.be/XgaC4GRhOgs |

PLEASE DO NOT FORGET TO LIKE, SHARE AND SUBSCRIBE OUR YOUTUBE CHANNEL

YouTube http://youtube.com/c/computersciencepunjab

ਤਿਆਰ ਕਰਤਾ:

ਵਿਕਾਸ ਕਾਂਸਲ ਅਤੇ ਸੁਖਵਿੰਦਰ ਸਿੰਘ

ਕੰਪਿਊਟਰ ਫੈਕਲਟੀ, ਸ਼ਹੀਦ ਉਧਮ ਸਿੰਘ ਸਰਕਾਰੀ (ਕੰ) ਸੀ. ਸੈ. ਸਕੂਲ, ਸੁਨਾਮ ਊਧਮ ਸਿੰਘ ਵਾਲਾ (ਸੰਗਰੂਰ)

**6ਵੀਂ ਤੋਂ 12ਵੀਂ ਕਿਸੇ ਵੀ ਜਮਾਤ ਲਈ ਕੰਪਿਊਟਰ ਸਾਇੰਸ ਦੇ ਸਟਡੀ ਮਟੀਰੀਅਲ/ਈ-ਬੁੱਕਸ/ਈ-ਕੰਟੈਂਟਸ (ਪੰਜਾਬੀ/ਅੰਗਰੇਜ਼ੀ ਮਾਧਿਅਮ ਵਿਚ) ਡਾਊਨਲੋਡ ਕਰਨ ਲਈ ਹੇਠਾਂ ਦਿਤੇ ਲਿੰਕ ਦੀ ਵਰਤੋਂ ਕਰੋ ਜੀ:**

**http://cspunjab.nirmancampus.co.in/study.php**

## ਪਾਠ 7
## ਮਲਟੀਮੀਡੀਆ ਨਾਲ ਜਾਣ ਪਛਾਣ

**ਪ੍ਰਸ਼ਨ:1 ਬਹੁਪਸੰਦੀ ਪ੍ਰਸ਼ਨ:**

**1. ਮਲਟੀਮੀਡੀਆ ਸ਼ਬਦ ਦੋ ਸ਼ਬਦਾਂ ਦਾ ਸੁਮੇਲ ਹੈ ਇਹ ਹਨ _______ ਅਤੇ _________**

ੳ. ਤਸਵੀਰਾਂ, ਆਵਾਜਾਂ    ਅ. ਆਡੀਓ, ਵੀਡੀਓ    ੲ. ਮਲਟੀ, ਮੀਡੀਆ    ਸ. ਹਾਰਡਵੇਅਰ, ਸਾਫਟਵੇਅਰ

**2. ਐਨੀਮੇਸ਼ਨ ਦੋ ਤਰ੍ਹਾਂ ਦੀ ਹੁੰਦੀ ਹੈ, ਇਹ ਹਨ ______ ਅਤੇ _________**

ੳ. ਐਨਾਲਾਗ, ਡੀਜ਼ੀਟਲ    ਅ. ਸਟੈਟਿਕ, ਹਾਇਪਰ    ੲ. ਰਾਸਟਰ, ਬਿੱਟਮੈਪ    ਸ. ਪਾਥ, ਫਰੇਮ

**3. ਮਲਟੀਮੀਡੀਆ ਲਈ ___________ ਅਤੇ ____________ ਜਰੂਰਤਾਂ ਹੁੰਦੀਆਂ ਹਨ।**

ੳ. ਤਸਵੀਰਾਂ, ਆਵਾਜਾਂ    ਅ. ਐਨਾਲਾਗ, ਡੀਜ਼ੀਟਲ    ੲ. ਹਾਰਡਵੇਅਰ, ਸਾਫਟਵੇਅਰ    ਸ. ਮਲਟੀ, ਮੀਡੀਆ

**4. ਇਨਪੁੱਟ ਯੰਤਰਾਂ ਵਿਚ ________ ਅਤੇ ___________ ਸ਼ਾਮਿਲ ਹੁੰਦੇ ਹਨ।**

ੳ. ਮਾਨੀਟਰ, ਪ੍ਰਿੰਟਰ    ਅ. ਰੈਮ, ਹਾਰਡ ਡਿਸਕ    ੲ. ਕੀਅਬੋਰਡ, ਮਾਊਸ    ਸ. ਹਾਰਡਵੇਅਰ, ਸਾਫਟਵੇਅਰ

**5. ਮਲਟੀਮੀਡੀਆ ਵਿਚ ਟੈਕਸਟ ________ ਅਤੇ __________ ਹੁੰਦਾ ਹੈ।**

ੳ. ਐਨਾਲਾਗ, ਡੀਜ਼ੀਟਲ    ਅ. ਰਾਸਟਰ, ਬਿੱਟਮੈਪ    ੲ. ਸਟੈਟਿਕ, ਹਾਈਪਰ    ਸ. ਪਾਥ, ਫਰੇਮ

**ਪ੍ਰਸ਼ਨ:2 ਖਾਲੀ ਥਾਵਾਂ ਭਰੋ।**

1. ਵੀਡੀਓ ਨੂੰ ___________ ਕਿਸਮਾਂ ਵਿਚ ਵੰਡਿਆ ਜਾ ਸਕਦਾ ਹੈ?
2. ਟੈਕਸਟ ਦੀਆਂ _____________ ਕਿਸਮਾਂ ਹੁੰਦੀਆਂ ਹਨ?
3. ਪਾਥ ਅਤੇ ਫਰੇਮ _____________ ਦੀਆਂ ਕਿਸਮਾਂ ਹੁੰਦੀਆਂ ਹਨ।
4. PNG ਦਾ ਪੂਰਾ ਨਾਂ ________________ ਹੈ।

**ਉੱਤਰ:** I. ਦੋ    II. ਦੋ    III. ਐਨੀਮੇਸ਼ਨ    IV. ਪੋਰਟੇਬਲ ਨੈਟਵਰਕ ਗਰਾਫਿਕਸ

**ਪ੍ਰਸ਼ਨ:3 ਛੋਟੇ ਉਤਰਾਂ ਵਾਲੇ ਪ੍ਰਸ਼ਨ।**

**ਪ੍ਰ:1 ਐਨੀਮੇਸ਼ਨ ਕੀ ਹੁੰਦੀ ਹੈ?**

ਉ: ਐਨੀਮੇਸ਼ਨ ਮਲਟੀਮੀਡੀਆ ਦਾ ਇਕ ਮਹੱਤਵਪੂਰਣ ਭਾਗ ਹੈ। ਇਸ ਵਿਚ ਸਥਿਰ ਤਸਵੀਰਾਂ ਜਾਂ ਟੈਕਸਟ ਨੂੰ ਹਿੱਲਜੁੱਲ ਕਰਦਿਆਂ ਦਿਖਾਇਆ ਜਾ ਸਕਦਾ ਹੈ। ਮੁੱਖ ਤੋਰ ਤੇ ਐਨੀਮੇਸ਼ਨ ਦੋ ਤਰ੍ਹਾਂ ਦੀ ਹੁੰਦੀ ਹੈ – ਪਾਥ ਐਨੀਮੇਸ਼ਨ ਅਤੇ ਫਰੇਮ ਐਨੀਮੇਸ਼ਨ। ਪਾਵਰਪੁਆਇੰਟ ਅਤੇ ਫਲੈਸ਼ (Flash) ਆਮ ਵਰਤੇ ਜਾਣ ਵਾਲੇ ਐਨੀਮੇਸ਼ਨ ਸਾਫਟਵੇਅਰਾਂ ਦੀਆਂ ਉਦਾਹਰਣਾਂ ਹਨ।

**ਪ੍ਰ:2 ਵੀਡੀਓ ਕੀ ਹੁੰਦੀ ਹੈ?**

ਉ: ਵੀਡੀਓ ਮਲਟੀਮੀਡਆ ਦਾ ਇਕ ਮਹੱਤਵਪੂਰਣ ਭਾਗ ਹੈ। ਮਲਟੀਮੀਡੀਆ ਵਿਚ ਵੀਡੀਓ ਦੀ ਵਰਤੋਂ ਕਿਸੇ ਸੂਚਨਾ ਨੂੰ ਵਧੀਆ ਤਰੀਕੇ ਨਾਲ ਪੇਸ਼ ਕਰਨ ਲਈ ਕੀਤੀ ਜਾਂਦੀ ਹੈ। ਵੀਡੀਓ ਵਿਚ ਗਤੀਮਾਨ ਤਸਵੀਰਾਂ ਦੇ ਨਾਲ ਨਾਲ ਆਵਾਜ਼ ਨੂੰ ਵੀ ਚਲਾਇਆ ਜਾ ਸਕਦਾ ਹੈ। ਆਮ ਤੌਰ ਤੇ ਵੀਡੀਓਜ਼ ਦੋ ਕਿਸਮਾਂ ਦੀਆਂ ਹੁੰਦੀਆਂ ਹਨ: ਐਨਾਲਾਗ ਅਤੇ ਡਿਜ਼ਿਟਲ ਵੀਡੀਓਜ਼।

**ਪ੍ਰ:3 ਮਲਟੀਮੀਡੀਆ ਕਾਨਫਰੈਂਸਿੰਗ ਕੀ ਹੁੰਦੀ ਹੈ?**


ਉ: ਮਲਟੀਮੀਡੀਆ ਕਾਨਫਰੈਂਸਿੰਗ ਨੂੰ ਵੀਡੀਓ ਕਾਨਫਰੈਂਸਿੰਗ ਵੀ ਕਿਹਾ ਜਾਂਦਾ ਹੈ। ਇਹ ਮਲਟੀਮੀਡੀਆ ਦਾ ਇਕ ਮਹੱਤਵਪੂਰਨ ਵਰਤੋਂ ਖੇਤਰ ਹੈ। ਇਸਦੀ ਵਰਤੋਂ ਨਾਲ ਅਸੀਂ ਦੂਰ-ਦੁਰਾਡੇ ਬੈਠੇ ਵਿਅਕਤੀਆਂ ਨਾਲ ਫੇਸ-ਟੂ-ਫੇਸ (Face-to-Face) ਗੱਲ-ਬਾਤ ਕਰ ਸਕਦੇ ਹਾਂ।

**ਪ੍ਰਸ਼ਨ:4 ਵੱਡੇ ਉੱਤਰਾਂ ਵਾਲੇ ਪ੍ਰਸ਼ਨ**

**ਪ੍ਰ:1 ਮਲਟੀਮੀਡੀਆ ਤੋਂ ਕੀ ਭਾਵ ਹੈ? ਮਲਟੀਮੀਡੀਆ ਦੇ ਭਾਗਾਂ ਬਾਰੇ ਲਿਖੋ।**

ਉ: ਮਲਟੀਮੀਡੀਆ ਸ਼ਬਦ ਦੋ ਸ਼ਬਦਾਂ ਮਲਟੀ ਅਤੇ ਮੀਡੀਆ ਤੋਂ ਮਿਲ ਕੇ ਬਣਿਆ ਹੈ। ਮਲਟੀ ਤੋਂ ਭਾਵ ਹੈ ਦੋ ਜਾਂ ਦੋ ਤੋਂ ਵੱਧ ਅਤੇ ਮੀਡੀਆ ਤੋਂ ਭਾਵ ਹੈ ਮਾਧਿਅਮ। ਇਸ ਤਰ੍ਹਾਂ ਮਲਟੀਮੀਡੀਆ ਇਕ ਅਜਿਹੀ ਤਕਨੀਕ ਹੈ ਜਿਸ ਵਿਚ ਕਈ ਤਰ੍ਹਾਂ ਦੇ ਮਧਿਅਮਾਂ ਦੀ ਵਰਤੋਂ ਕਰਕੇ ਸੂਚਨਾ ਦਾ ਪ੍ਰਸਾਰ ਕੀਤਾ ਜਾਂਦਾ ਹੈ। ਮਲਟੀਮੀਡੀਆ ਦੇ ਭਾਗਾਂ ਦੇ ਨਾਂ ਹੇਠ ਲਿਖੇ ਹਨ:

- ਟੈਕਸਟ: ਲਿਖਤੀ ਸੂਚਨਾ ਨੂੰ ਟੈਕਸਟ ਕਿਹਾ ਜਾਂਦਾ ਹੈ।
- ਸਾਊਂਡ: ਇਹ ਆਵਾਜ਼ ਹੁੰਦੀ ਹੈ ਜੋ ਕਿਸੇ ਵਿਚਾਰ ਨੂੰ ਸਪਸ਼ਟਤਾ ਨਾਲ ਸਮਝਾਉਂਣ ਵਿਚ ਮਦਦ ਕਰਦੀ ਹੈ।
- ਐਨੀਮੇਸ਼ਨ: ਇਹ ਸਥਿਰ ਤਸਵੀਰਾਂ ਜਾਂ ਟੈਕਸਟ ਵਿਚ ਹਿਲਜੁੱਲ ਦਾ ਪ੍ਰਭਾਵ ਲਾਗੂ ਕਰਦੀ ਹੈ।
- ਤਸਵੀਰਾਂ: ਤਸਵੀਰਾਂ ਮਲਟੀਮੀਡੀਆ ਦਾ ਜਰੂਰੀ ਭਾਗ ਹਨ।
- ਵੀਡੀਓ: ਵੀਡੀਓ ਵਿਚ ਗਤੀਮਾਨ ਕਰਦੀਆਂ ਤਸਵੀਰਾਂ ਦੇ ਨਾਲ ਨਾਲ ਆਵਾਜ਼ ਵੀ ਹੁੰਦੀ ਹੈ।




ਚਿੱਤਰ: ਮਲਟੀਮੀਡੀਆ ਦੇ ਭਾਗਾਂ ਦੇ ਨਾਂ

**ਪ੍ਰ:2 ਮਲਟੀਮੀਡੀਆ ਲਈ ਕੀ ਜਰੂਰਤਾਂ ਹਨ?**

**ਉ: ਮਲਟੀਮੀਡੀਆ ਲਈ ਮੁਢਲੀਆਂ ਜਰੂਰਤਾਂ ਹਾਰਡਵੇਅਰ ਅਤੇ ਸਾਫਟਵੇਅਰ ਹਨ। ਇਹ ਹੇਠ ਲਿਖੇ ਅਨੁਸਾਰ ਹਨ:**

**ਹਾਰਡਵੇਅਰ ਜਰੂਰਤਾਂ**:

1. **ਇਨਪੁੱਟ ਯੰਤਰ**
2. **ਆਊਟਪੁੱਟ ਯੰਤਰ**
3. **ਸਟੋਰੇਜ਼ ਯੰਤਰ**

**ਸਾਫਟਵੇਅਰ ਜਰੂਰਤਾਂ:**

**ਇਹਨਾਂ ਦੀ ਵਰਤੋਂ ਮਲਟੀਮੀਡੀਆ ਦੇ ਤੱਤਾਂ ਵਿਚ ਬਦਲਾਵ ਅਤੇ ਪ੍ਰਬੰਧਿਤ ਕਰਨ ਲਈ ਕੀਤੀ ਜਾਂਦੀ ਹੈ। ਉਦਾਹਰਣ ਲਈ: ਅਡੋਬ ਡਾਇਰੈਕਟਰ, ਮੀਡੀਆ ਬਲੈਂਡਰ, ਮਲਟੀਮੀਡੀਆ ਬਿਲਡਰ ਆਦਿ।**

**ਪ੍ਰ:3 ਮਲਟੀਮੀਡੀਆ ਪ੍ਰੈਜ਼ਨਟੇਸ਼ਨ ਕੀ ਹੈ? ਇਸਨੂੰ ਬਨਾਉਣ ਲਈ ਕਿਹੜੀਆਂ ਕਿਹੜੀਆਂ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ?**

**ਉ: ਮਲਟੀਮੀਡੀਆ ਪ੍ਰੈਜ਼ਨਟੇਸ਼ਨ ਦੀ ਵਰਤੋਂ ਕਰਦੇ ਹੋਏ ਕਿਸੇ ਵਿਸ਼ੇ ਨੂੰ ਪ੍ਰਭਾਵਸ਼ਾਲੀ ਤਰੀਕੇ ਨਾਲ ਪੇਸ਼ ਕੀਤਾ ਜਾਂ ਸਕਦਾ ਹੈ। ਮਲਟੀਮੀਡੀਆ ਪ੍ਰੈਜ਼ਨਟੇਸ਼ਨ ਦੇ ਮੁੱਖ ਭਾਗਾਂ-ਟੈਕਸਟ, ਸਾਊਂਡ, ਵੀਡੀਓ, ਐਨੀਮੇਸ਼ਨ ਅਤੇ ਤਸਵੀਰਾਂ ਆਦਿ ਹੁੰਦੇ ਹਨ:**

**ਮਲਟੀਮੀਡੀਆ ਪ੍ਰੈਜ਼ੈਂਟੇਸ਼ਨ ਬਨਾਉਣ ਲਈ ਧਿਆਨ ਰੱਖਣਯੋਗ ਗੱਲਾਂ:**

1. **ਇਸ ਵਿਚ ਟੈਕਸਟ ਘੱਟ ਤੋਂ ਘੱਟ ਰੱਖਣਾ ਚਾਹੀਂਦਾ ਹੈ।**
2. **ਆਵਾਜ਼ ਦੀ ਕੁਆਲਿਟੀ ਵਧੀਆ ਹੋਣੀ ਚਾਹੀਂਦੀ ਹੈ।**
3. **ਯੂਜ਼ਰ ਨੂੰ ਕੀਅ-ਬੋਰਡ ਅਤੇ ਮਾਊਸ ਵਰਤਣ ਦੀ ਸਹੂਲਤ ਹੋਣੀ ਚਾਹੀਂਦੀ ਹੈ।**
4. **ਇਸਦਾ ਆਕਾਰ ਛੋਟਾ ਹੋਣਾ ਚਾਹੀਂਦਾ ਹੈ।**

**ਪ੍ਰ:4 ਮਲਟੀਮੀਡੀਆ ਦੇ ਵਰਤੋਂ ਖੇਤਰਾਂ ਬਾਰੇ ਲਿਖੋ।**

**ਉ: ਮਲਟੀਮੀਡੀਆ ਦੀ ਵਰਤੋਂ ਬਹੁਤ ਸਾਰੇ ਖੇਤਰਾਂ ਵਿਚ ਕੀਤੀ ਜਾਂਦੀ ਹੈ। ਕੁੱਝ ਮਹੱਤਵਪੂਰਨ ਖੇਤਰ ਇਸ ਪ੍ਰਕਾਰ ਹਨ:**

1. **ਮਲਟੀਮੀਡੀਆ ਦੀ ਵਰਤੋਂ ਸਿੱਖਿਆ ਦੇ ਖੇਤਰ ਵਿਚ ਕੀਤੀ ਜਾਂਦੀ ਹੈ।**
2. **ਮੈਡੀਕਲ ਸਾਇੰਸ ਵਿਚ ਮਨੁੱਖੀ ਸ਼ਰੀਰ ਦੇ ਮਾਡਲ ਬਨਾਉਣ ਲਈ ਮਲਟੀਮੀਡੀਆ ਦੀ ਵਰਤੋਂ ਕੀਤੀ ਜਾਂਦੀ ਹੈ।**
3. **ਮਨੋਰੰਜਨ ਦੇ ਖੇਤਰ ਵਿਚ ਮਲਟੀਮੀਡੀਆ ਦੀ ਵਰਤੋਂ ਕੀਤੀ ਜਾਂਦੀ ਹੈ।**
4. **ਰੇਲਵੇ ਸਟੇਸ਼ਨਾਂ, ਬੈਂਕਾਂ ਆਦਿ ਵਿਚ ਗ੍ਰਾਹਕਾਂ ਨੂੰ ਸੂਚਨਾ ਦੇਣ ਲਈ ਇਸਦੀ ਵਰਤੋਂ ਕੀਤੀ ਜਾਂਦੀ ਹੈ।**
5. **ਦੂਰ-ਦੁਰਾਡੇ ਬੈਠੇ ਵਿਅਕਤੀਆਂ ਨਾਲ ਫੇਸ ਟੂ ਫੇਸ (Face to Face) ਗੱਲਬਾਤ ਕਰਨ ਲਈ ਇਸਦੀ ਵਰਤੋਂ ਕੀਤੀ ਜਾਂਦੀ ਹੈ।**